CalSavers
RETIREMENT SAVINGS PROGRAM

**ਤੁਹਾਡਾ ਧਨ। ਤੁਹਾਡਾ ਭਵਿੱਖ।**
**saver.calsavers.com**

## ਰਿਟਾਇਰਮੈਂਟ ਲਈ ਬੱਚਤ ਕਰਨ ਦਾ ਇੱਕ ਆਸਾਨ, ਭਰੋਸੇਮੰਦ ਤਰੀਕਾ

CalSavers ਨਿੱਜੀ ਖੇਤਰ ਵਿੱਚ ਕਰਮਚਾਰੀਆਂ ਲਈ ਕੈਲੀਫੋਰਨੀਆ ਦਾ ਨਵਾਂ ਰਿਟਾਇਰਮੈਂਟ ਬੱਚਤ ਪ੍ਰੋਗਰਾਮ ਹੈ ਜਿਹਨਾਂ ਕੋਲ ਮੌਜੂਦਾ ਸਮੇਂ ਵਿੱਚ ਕੰਮ ‘ਤੇ ਬੱਚਤ ਕਰਨ ਦਾ ਕੋਈ ਤਰੀਕਾ ਨਹੀਂ ਹੈ।

ਜੇ ਤੁਹਾਡਾ ਨੌਕਰੀਦਾਤਾ ਨੇ CalSavers ਲਈ ਰਜਿਸਟਰ ਕੀਤਾ ਹੈ, ਨਾਮਾਂਕਣ ਆਸਾਨ ਹੈ: ਤੁਸੀਂ ਆਟੋਮੈਟਿਕਲੀ 30 ਦਿਨਾਂ ਵਿੱਚ ਨਾਮਾਂਕਿਤ ਹੋ ਜਾਵੋਗੇ ਨਹੀਂ ਤਾਂ ਤੁਸੀਂ ਬਾਹਰ ਨਿਕਲਣਾ ਚੁਣਦੇ ਹੋ। ਜੇ ਤੁਸੀਂ ਸਵੈ-ਨਿਯੋਜਿਤ ਹੋ ਜਾਂ CalSavers ਨੌਕਰੀਦਾਤਾ ਲਈ ਕੰਮ ਨਹੀਂ ਕਰਦੇ, ਤਾਂ ਤੁਸੀਂ ਖੁਦ ਨਾਮਾਂਕਣ ਕਰ ਸਕਦੇ ਹੋ ਅਤੇ ਅੱਜ ਹੀ ਬੱਚਤ ਸ਼ੁਰੂ ਕਰ ਸਕਦੇ ਹੋ।[1]

- ਨਿੱਜੀ IRA (ਵਿਅਕਤੀਗਤ ਰਿਟਾਇਰਮੈਂਟ ਖਾਤਾ) ਵਿੱਚ ਯੋਗਦਾਨ ਦੇਣਾ ਜੋ ਤੁਹਾਡੇ ਨਾਲ ਸੰਬੰਧ ਰੱਖਦਾ ਹੈ।
- ਉਹ ਬੱਚਤ ਦਰਾਂ ਅਤੇ ਨਿਵੇਸ਼ ਵਿਕਲਪ ਚੁਣੋ ਜੋ ਤੁਹਾਡੇ ਲਈ ਸਹੀ ਹਨ।
- ਤੁਹਾਡਾ ਖਾਤਾ ਤਦ ਵੀ ਰਹਿੰਦਾ ਹੈ ਜੇ ਤੁਸੀਂ ਨੌਕਰੀਆਂ ਬਦਲਦੇ ਹੋ।
- ਭਾਗੀਦਾਰੀ ਪੂਰੀ ਤਰ੍ਹਾਂ ਸਵੈ-ਇੱਛਿਤ ਹੈ: ਤੁਸੀਂ ਬਾਹਰ ਨਿਕਲ ਸਕਦੇ ਹੋ ਜਾਂ ਕਿਸੇ ਵੀ ਸਮੇਂ ਮੁੜ ਚੁਣ ਸਕਦੇ ਹੋ।[2]




## ਇਹ ਰਿਟਾਇਰਮੈਂਟ ਲਈ ਤਿਆਰ ਹੋਣ ਦਾ ਸਮਾਂ ਹੈ


ਤੁਸੀਂ ਆਪਣੇ ਧਨ ਲਈ ਸਖ਼ਤ ਮਿਹਨਤ ਕਰਦੇ ਹੋ, ਅਤੇ ਇਹ ਸਮਾਂ ਤੁਹਾਡੇ ਧਨ ਨੂੰ ਕੰਮ ਵਿੱਚ ਲਿਆਉਣ ਦਾ ਹੈ।

ਸਾਡੇ ਵਿੱਚੋਂ ਕਈਆਂ ਲਈ, ਸੋਸ਼ਲ ਸਿਕਉਰਿਟੀ ਭੁਗਤਾਨ ਕਾਫੀ ਨਹੀਂ ਹੋਣਗੇ ਜਦੋਂ ਰਿਟਾਇਰ ਹੋਣ ਦਾ ਸਮਾਂ ਆਉਂਦਾ ਹੈ।

**ਥੋੜ੍ਹੀ ਜਿਹੀ ਬੱਚਤ ਕਰਨਾ ਵੀ ਸੰਭਾਵਿਤ ਤੌਰ ‘ਤੇ ਬਾਅਦ ਵਿੱਚ ਵੱਡਾ ਅੰਤਰ ਪੈਦਾ ਕਰ ਸਕਦਾ ਹੈ।**

**ਕੀ ਤੁਹਾਨੂੰ ਪਤਾ ਹੈ:** 24 ਸਾਲ ਦੀ ਉਮਰ ਵਿੱਚ ਪ੍ਰਤੀ ਮਹੀਨਾ $125 ਦੀ ਬੱਚਤ ਦੇ ਆਧਾਰ ‘ਤੇ, ਤੁਹਾਡੇ ਕੋਲ 65 ਸਾਲ ਦੀ ਉਮਰ ਵਿੱਚ ਸੰਭਾਵਿਤ ਤੌਰ ‘ਤੇ ਢਾਈ ਲੱਖ ਡਾਲਰ ਹੋ ਸਕਦੇ ਹਨ?[3]

### ਜਿੱਥੇ ਰਿਟਾਇਰਮੈਂਟ ਆਮਦਨ ਔਸਤਨ ਆਉਂਦੀ ਹੈ[4]




### ਤੁਸੀਂ ਆਪਣੀ ਖਾਤਾ ਕੰਟਰੋਲ ਕਰ ਸਕਦੇ ਹੋ

- ਸਟੈਂਡਰਡ ਸੈਟਿੰਗਾਂ ਨਾਲ ਜੁੜੇ ਰਹਿ ਸਕਦੇ ਹੋ ਜਾਂ ਖੁਦ ਚੁਣ ਸਕਦੇ ਹੋ।
- ਨਿਵੇਸ਼ ਵਿਕਲਪਾਂ ਦੇ ਆਮ ਮੈਨਯੂ ਤੋਂ ਚੁਣ ਸਕਦੇ ਹੋ।
- ਆਪਣੇ ਬੈਂਕ ਖਾਤਾ ਤੋਂ ਆਟੋਮੈਟਿਕ ਯੋਗਦਾਨ ਸੈਟ ਕਰ ਸਕਦੇ ਹੋ।
- ਪੈਨਲਟੀ ਬਗੈਰ ਆਪਣੇ ਯੋਗਦਾਨ ਵਾਪਸ ਲੈ ਸਕਦੇ ਹੋ।
- ਕਿਸੇ ਵੀ ਸਮੇਂ ਬਾਹਰ ਨਿਕਲ ਸਕਦੇ ਹੋ ਜਾਂ ਵਾਪਿਸ ਚੋਣ ਕਰ ਸਕਦੇ ਹੋ।[2]

**ਜ਼ਿਆਦਾ ਜਾਣਕਾਰੀ ਲਈ**

saver.calsavers.com
clientservices@calsavers.com
(855) 650-6918
ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:00 ਤੋਂ ਸ਼ਾਮ 8:00 PT

**ਸਾਨੂੰ ਫਾਲੋ ਕਰੋ**

@CalSavers
CalSavers

## ਮਿਆਰੀ ਬੱਚਤ ਚੋਣਾਂ:

**ਤੁਹਾਡਾ ਖਾਤਾ Roth IRA ਹੋਵੇਗਾ।** Roth IRA ਵਿੱਚ ਯੋਗਦਾਨ ਟੈਕਸ ਤੋਂ ਬਾਅਦ ਕੀਤੇ ਜਾਂਦੇ ਹਨ ਤਾਂ ਜੋ ਤੁਹਾਨੂੰ ਆਪਣੇ ਯੋਗਦਾਨਾਂ 'ਤੇ ਟੈਕਸ ਨਾ ਦੇਣਾ ਪਵੇ ਜਦੋਂ ਤੁਸੀਂ ਨਿਕਾਸੀ ਕਰਦੇ ਹੋ। ਉਹਨਾਂ ਯੋਗਦਾਨਾਂ 'ਤੇ ਕਮਾਈ ਟੈਕਸਮੁਕਤ ਹੋ ਸਕਦੀ ਹੈ ਜੇ ਤੁਸੀਂ ਕੁਝ IRS ਮਾਪਦੰਡ ਪੂਰਾ ਕਰਦੇ ਹੋ।

**ਮਿਆਰੀ ਯੋਗਦਾਨ ਬੱਚਤ ਦਰ 5% 'ਤੇ ਤੈਅ ਹੈ। ਹਾਲਾਂਕਿ, ਤੁਸੀਂ ਇਸਨੂੰ ਕਿਸੇ ਵੀ ਸਮੇਂ ਬਦਲ ਸਕਦੇ ਹੋ।** ਜੇ ਤੁਸੀਂ ਇੱਕ ਵੱਖਰੀ ਦਰ ਚੁਣਦੇ ਹੋ, ਤਾਂ ਤੁਹਾਡੇ ਯੋਗਦਾਨ **ਆਪਣੇ ਆਪ 1% ਸਲਾਨਾ ਵਧਦੇ** ਰਹਿਣਗੇ ਜਦੋਂ ਤੱਕ ਇਹ ਅਧਿਕਤਮ 8% ਤੱਕ ਨਹੀਂ ਪਹੁੰਚਦੇ।

**ਤੁਹਾਡੇ ਸ਼ੁਰੂਆਤੀ ਯੋਗਦਾਨ 30 ਦਿਨਾਂ ਲਈ CalSavers ਮਨੀਮਾਰਕਿਟ ਫੰਡ ਵਿੱਚ ਨਿਵੇਸ਼ ਕੀਤੇ ਜਾਣਗੇ। ਇਸ ਸਮੇਂ ਤੋਂ ਬਾਅਦ, ਤੁਹਾਡੀਆਂ ਮੌਜੂਦਾ ਬੱਚਤਾਂ ਅਤੇ ਭਵਿੱਖ ਦੇ ਯੋਗਦਾਨ ਤੁਹਾਡੀ ਉਮਰ ਦੇ ਆਧਾਰ 'ਤੇ CalSavers ਟਾਰਗੇਟ ਰਿਟਾਇਰਮੈਂਟ ਫੰਡ ਵਿੱਚ ਨਿਵੇਸ਼** ਕੀਤੇ ਜਾਣਗੇ। ਤੁਸੀਂ ਕਿਸੇ ਵੀ ਸਮੇਂ, ਨਿਰਧਾਰਿਤ ਕਰ ਸਕਦੇ ਹੋ ਕਿ ਇਸ ਫੰਡ ਵਿੱਚ ਨਿਵੇਸ਼ ਕਰਨਾ ਹੈ ਜਾਂ ਨਹੀਂ ਜਾਂ ਤੁਸੀਂ ਵਾਤਾਵਰਣ ਅਤੇ ਸਮਾਜ ਪੱਖੋਂ ਸਜਗ ਫੰਡ, ਬਾਂਡ ਫੰਡ, ਜਾਂ ਗਲੋਬਲ ਇਕਵਿਟੀ ਫੰਡ ਸਮੇਤ ਹੋਰ ਨਿਵੇਸ਼ ਵਿਕਲਪਾਂ ਦੇ ਆਸਾਨ ਮੈਨਯੂ ਵਿੱਚੋਂ ਚੁਣ ਸਕਦੇ ਹੋ।

**CalSavers ਪ੍ਰੋਗਰਾਮ ਸੰਚਾਲਨਾਂ ਅਤੇ ਅੰਡਰਲਾਇੰਗ ਨਿਵੇਸ਼ਾਂ ਲਈ ਭੁਗਤਾਨ ਕਰਨ ਵਾਸਤੇ ਇੱਕ ਪ੍ਰਸ਼ਾਸ਼ਕੀ ਫ਼ੀਸ ਲੈਂਦਾ ਹੈ।** ਇਸ ਫ਼ੀਸ ਵਿੱਚ ਇੱਕ ਮਿਆਦੀ ਅਕਾਊਂਟ ਫ਼ੀਸ ($4.50 ਤਿਮਾਹੀ ਨਿਰਧਾਰਿਤ ਕੀਤੀ ਗਈ) [5] ਅਤੇ ਇੱਕ ਸੰਪੱਤੀ-ਆਧਾਰਿਤ ਫ਼ੀਸ ਸ਼ਾਮਲ ਹੈ ਜੋ ਤੁਹਾਡੀ ਅਕਾਊਂਟ ਬਕਾਇਆ ਰਕਮ ਦਾ 0.325% ਤੋਂ 0.49% ਤੱਕ ਹੁੰਦੀ ਹੈ, ਇਹ ਤੁਹਾਡੀ ਨਿਵੇਸ਼ ਦੀ ਚੋਣ 'ਤੇ ਨਿਰਭਰ ਕਰਦੀ ਹੈ। ਪੂਰੇ ਸਾਲ ਦੌਰਾਨ ਤੁਹਾਡੇ CalSavers ਅਕਾਊਂਟ ਬਕਾਇਆ ਰਕਮ ਵਿੱਚੋਂ ਫੀਸਾਂ ਆਪਣੇ ਆਪ ਕੱਟੀਆਂ ਜਾਂਦੀਆਂ ਹਨ। CalSavers ਤਿਮਾਹੀ $1.25 ਪੇਪਰ ਡਿਲੀਵਰੀ ਫ਼ੀਸ[5] ਅਤੇ $5 ਪੇਪਰ ਚੈੱਕ ਫ਼ੀਸ ਨਿਰਧਾਰਿਤ ਕਰਦਾ ਹੈ - ਦੋਵਾਂ ਨੂੰ ਈ-ਡਿਲੀਵਰੀ ਲਈ ਸਾਈਨ ਅੱਪ ਕਰਕੇ ਮੁਆਫ ਵੀ ਕੀਤਾ ਜਾ ਸਕਦਾ ਹੈ।

**ਆਪਣੇ ਨੌਕਰੀਦਾਤਾ ਰਾਹੀਂ ਸ਼ੁਰੂ ਕਰਨਾ।** CalSavers ਹੁਣ ਨੌਕਰੀਦਾਤਾ ਰਜਿਸਟ੍ਰੇਸ਼ਨ ਅਤੇ ਕਰਮਚਾਰੀ ਨਾਮਾਂਕਣ ਲਈ ਖੁੱਲ੍ਹਾ ਹੈ। ਜੇ ਤੁਹਾਡਾ ਨੌਕਰੀਦਾਤਾ ਵਰਕਪਲੇਸ ਰਿਟਾਇਟਮੈਂਟ ਪਲਾਨ ਦੀ ਪੇਸ਼ਕਸ਼ ਨਹੀਂ ਕਰਦਾ, ਤਾਂ ਉਹਨਾਂ ਨੂੰ ਕੁਝ ਸਮਾਂ-ਸੀਮਾਵਾਂ ਨਾਲ CalSavers ਲਈ ਰਜਿਸਟਰ ਕਰਨਾ ਪਵੇਗਾ। ਜਦੋਂ ਇੱਕ ਰੁਜ਼ਗਾਰਦਾਤਾ ਰਜਿਸਟਰ ਕਰਦਾ ਹੈ, ਤਾਂ ਉਹਨਾਂ ਨੂੰ CalSavers ਨੂੰ ਆਪਣੇ ਯੋਗ ਕਰਮਚਾਰੀਆਂ ਦਾ ਰੋਸਟਰ ਸਬਮਿਟ ਕਰਨਾ ਪਵੇਗਾ। ਜੁੜੇ ਕਰਮਚਾਰੀਆਂ ਨੂੰ ਫਿਰ CalSavers ਤੋਂ ਸੂਚਨਾ ਮਿਲੇਗੀ ਅਤੇ ਉਹਨਾਂ ਕੋਲ ਆਪਣਾ ਖਾਤਾ ਕਸਟਮਾਇਜ਼ ਕਰਨਾ ਨਿਰਧਾਰਿਤ ਕਰਨ, ਪ੍ਰੋਗਰਾਮ ਦੀ ਚੋਣ ਕਰਨ ਲਈ 30 ਦਿਨ ਹੋਣਗੇ ਜਾਂ ਉਹ ਮਿਆਰੀ ਬੱਚਤ ਚੋਣਾਂ ਨਾਲ ਆਟੋਮੈਟਿਕਲੀ ਨਾਮਾਂਕਿਤ ਹੋਣਗੇ। ਪੇਚੈਕ ਯੋਗਦਾਨ ਇਸ 30 ਦਿਨਾਂ ਦੇ ਸਮੇਂ ਬਾਅਦ ਸ਼ੁਰੂ ਹੋਵੇਗਾ।

ਆਪਣੀਆਂ ਬੱਚਤਾਂ ਬਾਰੇ ਸਿਖਰ 'ਤੇ ਰਹੋ ਜਦੋਂ ਅਤੇ ਜਿੱਥੇ ਇਹ ਤੁਹਾਡੇ ਲਈ ਸੁਵਿਧਾਜਨਕ ਹੋਵੇ। ਤੁਸੀਂ CalSavers ਐਪ ਵਰਤ ਕੇ ਆਸਾਨੀ ਨਾਲ ਆਪਣਾ ਖਾਤਾ ਮਾਨੀਟਰ ਅਤੇ ਮੈਨੇਜ ਕਰ ਸਕਦੇ ਹੋ। ਐਪਲ ਅਤੇ ਐਂਡ੍ਰੋਇਡ ਡਿਵਾਇਸਾਂ ਲਈ ਉਪਲਬਧ।

---

[1] CalSavers ਵਿੱਚ ਨਾਮਾਂਕਣ ਲਈ, ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ ਅਤੇ ਤੁਹਾਨੂੰ ਸੋਸ਼ਲ ਸਿਕਊਰਿਟੀ ਨੰਬਰ ਜਾਂ ਵਿਅਕਤੀਗਤ ਟੈਕਸ ਪਹਿਚਾਣ ਟੈਕਸ ਨੰਬਰ, ਤੁਹਾਡਾ ਨਿੱਜੀ ਖਾਤਾ ਪਤਾ, ਅਤੇ ਕੁਝ ਹੋਰ ਮੁੱਢਲੀ ਜਾਣਕਾਰੀ ਦੇਣੀ ਪਵੇਗੀ।

[2] ਜੇ ਤੁਸੀਂ ਬਾਹਰ ਨਿਕਲਦੇ ਹੋ ਅਤੇ ਤੁਹਾਡੀ ਕੋਈ ਬੱਚਤ ਹੈ, ਤਾਂ ਤੁਸੀਂ ਆਪਣੇ ਖਾਤੇ ਵਿਚਲਾ ਧਨ ਛੱਡ ਸਕਦੇ ਹੋ, ਇਸਨੂੰ ਕਿਸੇ ਹੋਰ Roth IRA ਵਿੱਚ ਟ੍ਰਾਂਸਫ਼ਰ ਜਾਂ ਰੋਲ ਓਵਰ ਕਰ ਸਕਦੇ ਹੋ, ਜਾਂ ਵਿਤਰਣ ਦੀ ਬੇਨਤੀ ਕਰ ਸਕਦੇ ਹੋ। ਧਿਆਨ ਰੱਖੋ, ਵਿਤਰਣ ਲਈ ਬੇਨਤੀ ਕਰਨ ਦਾ ਨਤੀਜਾ ਟੈਕਸ ਅਤੇ ਪੈਨਲਟੀਆਂ ਹੋ ਸਕਦਾ ਹੈ।

[3] ਇਹ ਧਿਆਨ ਰੱਖੋ, ਵਿਰਤਣ ਲਈ ਬੇਨਤੀ ਕਰਨ ਦਾ ਨਤੀਜਾ ਟੈਕਸਾਂ ਅਤੇ ਪੈਨਲਟੀਆਂ ਹੋ ਸਕਦਾ ਹੈ - ਇਹ ਕਲਪਿਤ ਉਦਾਹਰਨ ਕੇਵਲ ਦ੍ਰਿਸ਼ਟਾਂਤਮਕ ਉਦੇਸ਼ ਲਈ ਹੈ – ਤੁਹਾਡੇ ਵਿਅਕਤੀਗਤ ਨਤੀਜੇ ਵੱਖ-ਵੱਖ ਹੋ ਸਕਦੇ ਹਨ। ਉਦਾਹਰਨ ਵਿੱਚ ਨਿਵੇਸ਼ ਦੀ ਵਾਪਸੀ 6% ਮੰਨੀ ਗਈ ਹੈ।

[4] ਸ਼ੋਸ਼ਲ ਸਿਕਊਰਿਟੀ ਪ੍ਰਬੰਧਨ, ਸੋਸ਼ਲ ਸਿਕਊਰਿਟੀ ਬਾਰੇ ਫਾਸਟ ਫੈਕਟ ਅਤੇ ਅੰਕੜੇ, 2017।

[5] ਪਹਿਲੀ ਮਿਆਦੀ ਅਕਾਊਂਟ ਫ਼ੀਸ ਅਤੇ ਪੇਪਰ ਡਿਲੀਵਰੀ ਫ਼ੀਸ ਨੂੰ ਬੱਚਤਕਰਤਾ ਦੇ ਸ਼ੁਰੂਆਤੀ ਯੋਗਦਾਨ ਤੋਂ ਘੱਟੋ-ਘੱਟ 90 ਦਿਨਾਂ ਬਾਅਦ ਤੱਕ ਨਿਰਧਾਰਿਤ ਨਹੀਂ ਕੀਤਾ ਜਾਂਦਾ ਅਤੇ ਜਿਸ ਤਿਮਾਹੀ ਵਿੱਚ ਪਹਿਲਾ ਯੋਗਦਾਨ ਪਾਇਆ ਗਿਆ ਹੋਵੇਗਾ ਉਸ ਤਿਮਾਹੀ ਲਈ ਫ਼ੀਸ ਨਿਰਧਾਰਿਤ ਨਹੀਂ ਕੀਤੀ ਜਾਵੇਗੀ।


*CalSavers ਰਿਟਾਇਰਮੈਂਟਸ ਸੇਵਿੰਗਸ ਪ੍ਰੋਗਰਾਮ ("CalSavers" ਜਾਂ "ਪ੍ਰੋਗਰਾਮ") CalSavers ਰਿਟਾਇਰਮੈਂਟ ਸੇਵਿੰਗਸ ਬੋਰਡ ("ਬੋਰਡ") ਦੁਆਰਾ ਆਟੋਮੈਟਿਕ ਨਾਮਾਂਕਣ ਕਟੌਤੀ IRA ਨਿਗਰਾਨੀ ਹੈ। ਐਸਸੈਨਸਸ ਕਾਲਜ ਸੇਵਿੰਗਸ ਰਿਕਾਰਡਕੀਪਿੰਗ ਸੇਵਾਵਾਂ LLC ("ACSR") ਪ੍ਰੋਗਰਾਮ ਪ੍ਰਬੰਧਕ ਹੈ। ACSR ਅਤੇ ਇਸਦੇ ਸਹਿਯੋਗੀ ਦਿਨ ਪ੍ਰਤੀ ਦਿਨ ਪ੍ਰੋਗਰਾਮ ਸੰਚਾਲਨਾਂ ਲਈ ਜ਼ਿੰਮੇਵਾਰੀ ਹਨ। CalSavers ਜ਼ਰੀਏ ਪ੍ਰਤੀਭਾਗੀ ਬੱਚਤ ਲਾਭਦਾਇਕ ਤਰੀਕੇ ਨਾਲ ਰੱਖਦੀ ਹੈ ਅਤੇ ਇਸਦਾ saver.calsavers.com ਵਿੱਚ ਉਪਲਬਧ ਪ੍ਰੋਗਰਾਮ ਪ੍ਰਗਟਾਅ ਪੁਸਤਿਕਾ ਵਿੱਚ ਦਿੱਤੇ ਅਨੁਸਾਰ, ਆਪਣੇ IRAs 'ਤੇ ਨਿਯੰਤਰਣ ਹੈ। CalSavers ਨੌਕਰੀਦਾਤਾ ਦੁਆਰਾ ਸਪਾਂਸਰਡ ਨਹੀਂ ਹੈ, ਅਤੇ ਇਸ ਲਈ ਨੌਕਰੀਦਾਤਾ ਪ੍ਰੋਗਰਾਮ ਲਈ ਜ਼ਿੰਮੇਵਾਰ ਨਹੀਂ ਹੈ ਜਾਂ ਪ੍ਰੋਗਰਾਮ ਸਪਾਂਸਰ ਦੇ ਤੌਰ 'ਤੇ ਉੱਤਰਦਾਈ ਨਹੀਂ ਹੈ। ਨੌਕਰੀਦਾਤਾਵਾਂ ਨੂੰ ਪ੍ਰੋਗਰਾਮ ਸਮੱਰਥਨ ਕਰਨ ਜਾਂ ਭਾਗ ਲੈਣ ਲਈ ਕਰਮਚਾਰੀਆਂ ਨੂੰ ਉਤਸਾਹਿਤ ਕਰਨ ਜਾਂ ਸਲਾਹ ਦੇਣ, ਕਿੰਨਾ (ਜੇ ਕੋਈ) ਯੋਗਦਾਨ ਪਾਉਣ ਜਾਂ ਨਿਵੇਸ਼ ਸਹਾਇਤਾ ਕਰਨ ਦੀ ਇਜਾਜ਼ਤ ਨਹੀਂ ਹੈ।*

*CalSavers ਬੋਰਡ ਦੁਆਰਾ ਚੁਣੇ ਨਿਵੇਸ਼ ਵਿਕਲਪ ਪੇਸ਼ ਕਰਦਾ ਹੈ। CalSavers ਦੇ ਨਿਵੇਸ਼ ਵਿਕਲਪਾਂ ਬਾਰੇ ਹੋ ਜਾਣਕਾਰੀ ਲਈ saver.calsavers.com 'ਤੇ ਜਾਓ। CalSavers ਵਿੱਚ ਖਾਤੇ ਦੇ ਬਕਾਏ ਮਾਰਕਿਟ ਦੀਆਂ ਸਥਿਤੀਆਂ ਅਨੁਸਾਰ ਵੱਖ-ਵੱਖ ਹੋ ਸਕਦੇ ਹਨ। CalSavers ਵਿੱਚ ਨਿਵੇਸ਼ ਬੋਰਡ ਸਟੇਟ ਆੱਫ਼ ਕੈਲੀਫੋਰਨੀਆਂ, ਫੈਡਰਲ ਡਿਪਾੱਜ਼ਿਟ ਇੰਸ਼ੋਰੈਂਸ ਕੋਰਪੋਰੇਸ਼ਨ, ਜਾਂ ਕਿਸੇ ਹੋਰ ਸੰਗਠਨ ਦੁਆਰਾ ਗਾਰੰਟਿਡ ਜਾਂ ਬੀਮਿਤ ਨਹੀਂ ਹਨ।*

*CalSavers ਪੂਰੀ ਤਰ੍ਹਾਂ ਸਵੈ-ਇੱਛਿਤ ਰਿਟਾਇਰਮੈਂਟ ਪ੍ਰੋਗਰਾਮ ਹੈ। ਸੇਵਰਸ ਤੋਂ ਕਿਸੇ ਵੀ ਸਮੇਂ ਨਿਕਲਿਆ ਜਾ ਸਕਦਾ ਹੈ ਜਾਂ ਪੇਰੋਲ ਦੇ ਯੋਗਦਾਨਾਂ ਦੀ ਰਾਸ਼ੀ ਘਟਾਈ ਜਾਂ ਵਧਾਈ ਜਾ ਸਕਦੀ ਹੈ। ਜੇ ਸੇਵਰ ਵਿੱਚੋਂ ਨਿਕਲਿਆ ਜਾਂਦਾ ਹੈ, ਤਾਂ ਉਹ ਬਾਅਦ ਵਿੱਚ CalSavers ਵਿੱਚ ਮੁੜ ਚੁਣੇ ਜਾ ਸਕਦੇ ਹਨ।*

*IRA ਰਾਹੀਂ ਬੱਚਤ ਹਰੇਕ ਵਿਅਕਤੀ ਲਈ ਉਚਿਤ ਨਹੀਂ ਹੋ ਸਕਦੀ। CalSavers ਦੇ ਨੌਕਰੀਦਾਤਾ ਸਹੂਲੀਅਤ ਨੂੰ ਭਾਗੀਦਾਰ ਨੌਕਰੀਦਾਤਾ, IRAs ਜਾਂ CalSavers ਦੁਆਰਾ ਦਿੱਤੇ ਨਿਵੇਸ਼ ਵਿਕਲਪ ਰਾਹੀਂ ਤਸਦੀਕ ਜਾਂ ਸਿਫਾਇਸ਼ ਨਹੀਂ ਸਮਝਦਾ ਚਾਹੀਦਾ। IRAs CalSavers ਤੋਂ ਬਾਹਰ ਨਹੀਂ ਹਨ ਅਤੇ ਇਹ ਪ੍ਰੋਗਰਾਮ ਤੋਂ ਬਾਹਰ ਵੀ ਨਹੀਂ ਹਨ ਅਤੇ ਪੇਰੋਲ ਕਟੌਤੀ ਦੇ ਬਾਹਰ ਵੀ ਯੋਗਦਾਨ ਪਾ ਸਕਦੇ ਹਨ। ਪੇਰੋਲ ਕਟੌਤੀ ਰਾਹੀਂ CalSavers IRA ਵਿੱਚ ਯੋਗਦਾਨ ਪਾਉਣ ਨਾਲ ਕੁਝ ਟੈਕਸ ਲਾਭ ਅਤੇ ਨਤੀਜੇ ਮਿਲ ਸਕਦੇ ਹਨ। ਹਾਲਾਂਕਿ, ਹਰ ਕੋਈ Roth IRA ਵਿੱਚ ਯੋਗਦਾਨ ਪਾਉਣ ਦੇ ਯੋਗ ਨਹੀਂ ਹੈ ਅਤੇ ਸੇਵਰਸ ਨੂੰ ਟੈਕਸ ਜਾਂ ਵਿੱਤੀ ਸਲਾਹਦਕਾਰ ਦੀ ਸਲਾਹ ਲੈਣੀ ਚਾਹੀਦੀ ਹੈ ਜੇ ਉਹਨਾਂ ਦੇ ਟੈਕਸ ਜਾਂ ਨਿਵੇਸ਼ ਸਬੰਧੀ ਸਵਾਲ ਹਨ। ਵਿੱਤੀ ਸਲਾਹ ਨਹੀਂ ਦਿੰਦੇ ਅਤੇ ਕਰਮਚਾਰੀਆਂ ਨੂੰ ਵਿੱਤੀ ਸਲਾਹ ਲਈ ਨੌਕਰੀਦਾਤਾ ਨਾਲ ਸੰਪਰਕ ਨਹੀਂ ਕਰਨਾ ਚਾਹੀਦਾ। ਨੌਕਰੀਦਾਤਾਵਾਂ ਨੂੰ ਪ੍ਰੋਗਰਾਮ ਬਾਰੇ ਸਾਰੇ ਸਵਾਲਾਂ ਲਈ CalSavers ਦਾ ਸੰਦਰਭ ਲੈਣਾ ਚਾਹੀਦਾ ਹੈ। ਨੌਕਰੀਦਾਤਾ ਕੈਲੀਫੋਰਨੀਆ ਸਰਕਾਰ ਕੋਡ ਦੇ ਸੈਕਸ਼ਨ 100034 ਦੇ ਅਨੁਸਾਰ ਕਰਮਚਾਰੀਆਂ ਦੁਆਰਾ ਲਏ ਗਏ ਨਿਰਣਿਆਂ ਲਈ ਉੱਤਰਦਾਈ ਨਹੀਂ ਹਨ।*


1236030-SFRP-1248355-CA-PJ (05/2023)